**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ : ਸਿ :), ਪੰਜਾਬ ।**

(ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਐਸ ਏ ਐਸ ਨਗਰ)

# ਪਬਲਿਕ ਨੋਟਿਸ

**(ਲੈਕਚਰਾਰ ਕਾਡਰ (ਬੈਕਲਾਗ ਅਤੇ ਸਿਧੀ ਭਰਤੀ) ਦੀਆਂ ਅਸਾਮੀਆ ਵਿਰੁੱਧ ਸਿਲੈਕਟ ਹੋਏ ਉਮੀਦਵਾਰਾਂ ਨੂੰ ਸਟੇਸਨ ਅਲਾਟ ਕਰਨ ਲਈ ਸੱਦਾ)**

1.0 ਸਿੱਖਿਆ ਵਿਭਾਗ, ਪੰਜਾਬ ਵਿਚ ਲੈਕਚਰਾਰ ਕਾਡਰ (ਬੈਕਲਾਗ ਅਤੇ ਸਿਧੀ ਭਰਤੀ) ਦੀਆਂ ਵੱਖ-ਵੱਖ ਵਿਸਿਆ ਦੀਆ ਅਸਾਮੀਆ ਭਰਨ ਲਈ ਮਿਤੀ 01-04-2021 ਨੂੰ ਇਸਤਿਹਾਰ ਦਿਤਾ ਗਿਆ ਸੀ। ਇਹਨਾਂ ਅਸਾਮੀਆ ਲਈ ਜਿਹਨਾਂ ਉਮੀਦਵਾਰਾ ਨੇ ਅਪਲਾਈ ਕੀਤਾ ਸੀ ਉਹਨਾ ਵਿਚੋ ਸਿਲੈਕਟ ਹੋਏ ਉਮੀਦਵਾਰਾਂ ਨੂੰ ਨਿਯੁੱਕਤੀ ਪੱਤਰ ਜਾਰੀ ਕੀਤੇ ਜਾਣੇ ਹਨ। ਇਹਨਾਂ ਸਿਲੈਕਟ ਕੀਤੇ ਉਮੀਦਵਾਰਾਂ ਦੀ ਲਿਸਟਾਂ ਵੱਖ ਵੱਖ ਮਿਤੀਆਂ ਨੂੰ ਵਿਭਾਗ ਦੀ ਵੈਬਸਾਇਟ http://educationrecruitmentboard.com ਤੇ ਅਪਲੋਡ ਕੀਤੀਆਂ ਗਈਆਂ ਸਨ। ਇਸ ਉਪਰੰਤ ਸਿਲੈਕਟ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਗਏ ਸਨ।

**2.0 ਜਿਹਨਾਂ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਗਏ ਸਨ, ਉਹਨਾ ਨੂੰ ਹੁਣ ਵਿਭਾਗ ਵਲੋ ਸਟੇਸ਼ਨ ਅਲਾਟ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ।**

3.0 ਇਹਨਾ ਨਵ-ਨਿਯੁਕਤ ਲੇਕਚਰਾਰਾ ਨੂੰ ਸਟੇਸ਼ਨ ਅਲਾਟ ਕਰਨ ਲਈ ਹੇਠ ਲਿਖੀਆਂ ਕੈਟੇਗਰੀਆਂ ਨੂੰ ਪ੍ਰਾਥਮਿਕਤਾ ਦੇਣ ਦੀ ਤਜਵੀਜ ਹੈ:-

1. ਵਿਧਵਾ ਕੇਸ।
2. ਕੈਂਸਰ ਦੇ ਮਰੀਜ, ਖਰਾਬ ਕਿਡਨੀ ਦੇ ਮਰੀਜ (ਖੁਦ ਅਧਿਆਪਕ ਜੋ ਡਾਇਲਸਿਸ ਤੇ ਹੋਣ)।
3. ਜਿਨ੍ਹਾਂ ਦੇ ਬੱਚੇ 60 ਪ੍ਰਤੀਸਤ ਤੋ ਵੱਧ ਡਿਸਏਬਲਡ ਹੋਣ, ਕੈਂਸਰ ਅਤੇ ਖਰਾਬ ਕਿਡਨੀ (ਡਾਇਲਸਿਸ ਤੇ ਹੋਣ) ਤੋ ਪੀੜਿਤ ਹੋਣ।

4.0 ਜੋ ਲੈਕਚਰਾਰ ਉਪਰੋਕਤ ਕੈਟੇਗਰੀ ਅਧੀਨ ਲਾਭ ਲੈਣਾ ਚਾਹੁੰਦੇ ਹਨ, ਉਹ ਉਪਰੋਕਤ ਕੈਟੇਗਰੀ ਦੇ ਨਾਲ ਸਬੰਧਤ ਦਸਤਾਵੇਜ, ਸਮੇਤ ਨਿਯੁਕਤੀ ਪੱਤਰ ਦੀ ਕਾਪੀ ਇਕ ਪੀ.ਡੀ.ਐਫ ਤਿਆਰ ਕਰਕੇ ਈ-ਮੇਲ ਆਈ.ਡੀ. lecturer569@gmail.com ਤੇ ਮਿਤੀ 27-08-2021 ਨੂੰ ਸਵੇਰੇ 08.00 ਵਜੇ ਤੱਕ ਭੇਜਣਗੇ। **ਈ ਮੇਲ ਦੇ ਸਬਜੈਕਟ ਵਿਚ ਆਪਣਾ ਲੈਕਚਰਾਰ ਕਾਡਰ ਦਾ ਵਿਸਾ ਵੀ ਦਰਜ ਕਰੋਗੇ।** ਇਸ ਉਪਰੰਤ ਪ੍ਰਾਪਤ ਹੋਣ ਵਾਲੀ ਈ-ਮੇਲ ਤੇ ਕਿਸੇ ਵੀ ਸੂਰਤ ਵਿਚ ਵਿਚਾਰ ਨਹੀ ਕੀਤਾ ਜਾਵੇਗਾ।

5.0 ਇਹਨਾ ਵਲੋ ਭੇਜੇ ਜਾਣ ਵਾਲੇ ਦਸਤਾਵੇਜ ਵੈਰੀਫਾਈ ਕਰਨ ਉਪਰੰਤ ਹੀ ਇਹਨਾਂ ਲੈਕਚਰਾਰਾਂ ਨੂੰ ਉਪਰੋਕਤ ਕੈਟੇਗਰੀ ਵਿਚ ਪਹਿਲ ਦੇ ਆਧਾਰ ਤੇ ਸਟੇਸ਼ਨ ਦੇਣ ਲਈ ਵਿਚਾਰ ਕੀਤਾ ਜਾਵੇਗਾ।

6.0 ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਇਹ ਨੋਟਿਸ ਜਾਰੀ ਕਰਨ ਨਾਲ ਉਪਰੋਕਤ ਕੈਟੇਗਰੀ ਦੇ ਲੈਕਚਰਾਰਾਂ ਦਾ ਪਹਿਲਾ ਸਟੇਸ਼ਨ ਲੈਣ ਦਾ ਹੱਕ ਨਹੀ ਬਣ ਜਾਂਦਾ। ਇਹਨਾਂ ਨੂੰ ਪਹਿਲ ਦੇ ਆਧਾਰ ਤੇ ਸਟੇਸ਼ਨ ਅਲਾਟ ਕਰਨ ਜਾਂ ਨਾ ਕਰਨ ਬਾਰੇ ਜੋ ਵੀ ਵਿਭਾਗ ਵਲੋ ਫੈਸਲਾ ਕੀਤਾ ਜਾਵੇਗਾ ਉਹ ਆਖਰੀ ਹੋਵੇਗਾ।

26-08-2021

ਸਹਾਇਕ ਡਾਇਰੈਕਟਰ (ਸ:ਪ੍-1)
ਦ: ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ

ਮਿਤੀ: 26-08-21